

# ਵੋਟਰ ਲਈ

# ਗਾਈਡ

## ਬੀ.ਸੀ. ਦੀਆਂ ਲੋਕਲ ਇਲੈਕਸ਼ਨਾਂ ਲਈ

**2018**

BRITISH COLUMBIA



## ਵੋਟਰ ਲਈ ਗਾਈਡ

ਇਹ ਗਾਈਡ ਬ੍ਰਿਟਿਸ਼ ਕੋਲੰਬੀਆ ਵਿਚ ਲੋਕਲ ਸਰਕਾਰ ਦੀਆਂ ਇਲੈਕਸ਼ਨਾਂ ਬਾਰੇ ਕੁਝ ਮੁਢਲੇ ਸਵਾਲਾਂ ਦੇ ਜਵਾਬ ਦਿੰਦੀ ਹੈ। ਲੋਕਲ ਸਰਕਾਰ, ਕਮਿਊਨਟੀ ਪੱਧਰ 'ਤੇ ਸਰਕਾਰ ਹੈ – ਉਹ ਸਰਕਾਰ ਜਿਹੜੀ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ 'ਤੇ ਹਰ ਰੋਜ਼ ਪ੍ਰਭਾਵ ਪਾਉਂਦੀ ਹੈ। ਅਗਲੀ ਆਮ ਲੋਕਲ ਇਲੈਕਸ਼ਨ **ਛਨਿੱਚਰਵਾਰ, 20 ਅਕਤੂਬਰ, 2018** ਨੂੰ ਹੈ।

ਬੀ.ਸੀ. ਵਿਚ ਆਮ ਲੋਕਲ ਇਲੈਕਸ਼ਨ ਬਾਰੇ ਵਿਸਥਾਰ ਵਿਚ ਜਾਣਕਾਰੀ ਲੈਣ ਲਈ **ਜਨਰਲ ਲੋਕਲ ਇਲੈਕਸ਼ਨਜ਼ 101** ਨਾਂ ਦਾ ਬਰੋਸ਼ਰ ਦੇਖੋ। ਇਹ ਬਰੋਸ਼ਰ ਬੀ.ਸੀ. ਭਰ ਦੀਆਂ ਲੋਕਲ ਸਰਕਾਰਾਂ ਤੋਂ ਅਤੇ www.gov.bc.ca/localelections 'ਤੇ ਔਨਲਾਈਨ ਉਪਲਬਧ ਹੈ।

ਲੋਕਲ ਇਲੈਕਸ਼ਨਾਂ ਇਨ੍ਹਾਂ **ਖੇਤਰਾਂ (ਜੂਰੀਸਡਿਕਸ਼ਨਜ਼)** ਲਈ ਹੋ ਰਹੀਆਂ ਹਨ:

- ਮਿਊਨਿਸਪਿਲਟੀਆਂ;
- ਇਲਾਕਾਈ ਜ਼ਿਲੇ;
- ਬੋਰਡਜ਼ ਔਫ ਐਜੂਕੇਸ਼ਨ;
- ਦੱਸੇ ਗਏ ਪਾਰਕਸ ਬੋਰਡ;
- ਲੋਕਲ ਕਮਿਊਨਟੀ ਕਮਿਸ਼ਨਜ਼; ਅਤੇ,
- ਟਰੱਸਟਾਂ ਵਾਲੇ ਇਲਾਕੇ (ਆਈਲੈਂਡਜ਼ ਟਰੱਸਟ)।

### ਕੀ ਮੈਂ ਵੋਟ ਪਾਉਣ ਲਈ ਯੋਗ ਹਾਂ?

ਤੁਸੀਂ ਲੋਕਲ ਇਲੈਕਸ਼ਨ ਵਿਚ **ਵਸਨੀਕ ਵੋਟਰ** (ਰੈਜ਼ੀਡੈਂਟ ਇਲੈਕਟਰ) ਵਜੋਂ ਵੋਟ ਪਾਉਣ ਦੇ ਯੋਗ ਹੋ ਜੇ ਤੁਸੀਂ:

- ਵੋਟ ਲਈ ਰਜਿਸਟਰ ਹੋਣ ਸਮੇਂ 18 ਸਾਲ ਜਾਂ ਜ਼ਿਆਦਾ ਉਮਰ ਦੇ ਹੋਵੋ ਜਾਂ ਵੋਟਾਂ ਦੇ ਆਮ ਦਿਨ 18 ਸਾਲ ਜਾਂ ਜ਼ਿਆਦਾ ਉਮਰ ਦੇ ਹੋ ਜਾਵੋਗੇ;
- ਕੈਨੇਡਾ ਦੇ ਸਿਟੀਜ਼ਨ ਹੋਵੋ;
- ਵੋਟ ਪਾਉਣ ਲਈ ਰਜਿਸਟਰ ਹੋਣ ਤੋਂ ਪਹਿਲਾਂ ਬ੍ਰਿਟਿਸ਼ ਕੋਲੰਬੀਆ ਵਿਚ ਘੱਟੋ ਘੱਟ ਛੇ ਮਹੀਨਿਆਂ ਤੋਂ ਰਹਿ ਰਹੇ ਹੋਵੋ;
- ਵੋਟ ਪਾਉਣ ਲਈ ਰਜਿਸਟਰ ਹੋਣ ਤੋਂ ਪਹਿਲਾਂ ਉਸ ਖੇਤਰ (ਜੂਰੀਸਡਿਕਸ਼ਨ) ਵਿਚ ਘੱਟੋ ਘੱਟ 30 ਦਿਨ ਪਹਿਲਾਂ ਤੋਂ ਰਹਿ ਰਹੇ ਹੋਵੋ ਜਿੱਥੇ ਤੁਸੀਂ ਵੋਟ ਪਾਉਣ ਦਾ ਇਰਾਦਾ ਰੱਖਦੇ ਹੋਵੋ; ਅਤੇ,
- *ਲੋਕਲ ਗਵਰਮੈਂਟ ਐਕਟ*, ਕਿਸੇ ਹੋਰ ਐਕਟ, ਜਾਂ ਕਾਨੂੰਨ ਵਲੋਂ ਲੋਕਲ ਇਲੈਕਸ਼ਨਾਂ ਵਿਚ ਵੋਟ ਪਾਉਣ ਤੋਂ ਅਯੋਗ ਕਰਾਰ ਨਾ ਦਿੱਤੇ ਗਏ ਹੋਵੋ

ਤੁਸੀਂ **ਪ੍ਰਾਪਰਟੀ ਵਾਲੇ ਗੈਰ-ਵਸਨੀਕ ਵੋਟਰ** (ਨੌਨ-ਰੈਜ਼ੀਡੈਂਟ ਪ੍ਰਾਪਰਟੀ ਇਲੈਕਟਰ) ਦੇ ਤੌਰ 'ਤੇ ਵੋਟ ਪਾਉਣ ਦੇ ਯੋਗ ਹੋ ਜੇ ਤੁਸੀਂ:

- ਵੋਟ ਲਈ ਰਜਿਸਟਰ ਹੋਣ ਸਮੇਂ 18 ਸਾਲ ਜਾਂ ਜ਼ਿਆਦਾ ਉਮਰ ਦੇ ਹੋਵੋ ਜਾਂ ਵੋਟਾਂ ਦੇ ਆਮ ਦਿਨ 18 ਸਾਲ ਜਾਂ ਜ਼ਿਆਦਾ ਉਮਰ ਦੇ ਹੋ ਜਾਵੋਗੇ;
- ਕੈਨੇਡਾ ਦੇ ਸਿਟੀਜ਼ਨ ਹੋਵੋ;
- ਵੋਟ ਪਾਉਣ ਲਈ ਰਜਿਸਟਰ ਹੋਣ ਤੋਂ ਪਹਿਲਾਂ ਬ੍ਰਿਟਿਸ਼ ਕੋਲੰਬੀਆ ਵਿਚ ਘੱਟੋ ਘੱਟ ਛੇ ਮਹੀਨਿਆਂ ਤੋਂ ਰਹਿ ਰਹੇ ਹੋਵੋ;
- ਉਸ ਖੇਤਰ ਵਿਚ ਜਿਸ ਵਿਚ ਤੁਸੀਂ ਵੋਟ ਪਾਉਣ ਦਾ ਇਰਾਦਾ ਰੱਖਦੇ ਹੋਵੋ ਵੋਟ ਲਈ ਰਜਿਸਟਰ ਹੋਣ ਤੋਂ ਘੱਟੋ ਘੱਟ 30 ਦਿਨਾਂ ਪਹਿਲਾਂ ਤੋਂ ਪ੍ਰਾਪਰਟੀ ਦੇ ਮਾਲਕ ਹੋ; ਅਤੇ
- *ਲੋਕਲ ਗਵਰਮੈਂਟ ਐਕਟ*, ਕਿਸੇ ਹੋਰ ਐਕਟ, ਜਾਂ ਕਾਨੂੰਨ ਵਲੋਂ ਲੋਕਲ ਇਲੈਕਸ਼ਨਾਂ ਵਿਚ ਵੋਟ ਪਾਉਣ ਤੋਂ ਅਯੋਗ ਕਰਾਰ ਨਾ ਦਿੱਤੇ ਗਏ ਹੋਵੋ

### ਲੋਕਲ ਇਲੈਕਸ਼ਨ ਵਿਚ ਕੌਣ ਵੋਟ ਨਹੀਂ ਪਾ ਸਕਦਾ?

ਤੁਸੀਂ ਲੋਕਲ ਇਲੈਕਸ਼ਨ ਵਿਚ ਵੋਟ ਨਹੀਂ ਪਾ ਸਕਦੇ (**ਵਸਨੀਕ ਵੋਟਰ** ਜਾਂ **ਪ੍ਰਾਪਰਟੀ ਵਾਲੇ ਗੈਰ-ਵਸਨੀਕ ਵੋਟਰ** ਦੋਨਾਂ ਵਜੋਂ) ਜਦੋਂ:

- ਤੁਹਾਨੂੰ ਕਿਸੇ ਗੰਭੀਰ ਜੁਰਮ (ਇਨਡਾਇਟੇਬਲ ਓਫੈਂਸ) ਲਈ ਦੋਸ਼ੀ ਠਹਿਰਾਇਆ ਗਿਆ ਹੋਵੇ ਅਤੇ ਤੁਸੀਂ ਕੈਦ ਵਿਚ ਹੋਵੋ;
- ਤੁਹਾਨੂੰ ਕਿਸੇ ਇਲੈਕਸ਼ਨ ਜੁਰਮ ਲਈ ਦੋਸ਼ੀ ਪਾਇਆ ਗਿਆ ਹੋਵੇ, ਜਿਵੇਂ ਕਿ ਧਮਕੀਆਂ ਦੇਣਾ ਜਾਂ ਵੋਟਾਂ ਖਰੀਦਣਾ; ਜਾਂ,
- ਤੁਸੀਂ ਵੋਟਰ ਲਈ ਯੋਗਤਾ ਦੀਆਂ ਸ਼ਰਤਾਂ ਪੂਰੀਆਂ ਨਾ ਕਰਦੇ ਹੋਵੋ।

### ਮੈਂ ਫਸਟ ਨੇਸ਼ਨਜ਼ ਰੀਜ਼ਰਵ ’ਤੇ ਰਹਿੰਦਾ/ਰਹਿੰਦੀ ਹਾਂ – ਕੀ ਮੈਂ ਵੋਟ ਪਾ ਸਕਦਾ/ਸਕਦੀ ਹਾਂ?

**ਹਾਂ।** ਰੀਜ਼ਰਵ ’ਤੇ ਰਹਿੰਦੇ ਯੋਗ ਵੋਟਰ ਵੋਟ ਪਾ ਸਕਦੇ ਹਨ। ਤੁਸੀਂ ਕਿੱਥੇ ਵੋਟ ਪਾਉਗੇ, ਇਹ ਇਸ ਚੀਜ਼ ’ਤੇ ਨਿਰਭਰ ਕਰਦਾ ਹੈ ਕਿ ਕੀ ਉਹ ਰੀਜ਼ਰਵ ਕਿਸੇ ਮਿਊਨਿਸਪਿਲਟੀ ਵਿਚ ਹੈ ਜਾਂ ਇਲਾਕਾਈ ਜ਼ਿਲੇ ਦੇ ਖੇਤਰ ਵਿਚ ਹੈ। ਇਹ ਪਤਾ ਲਾਉਣ ਲਈ ਕਿ ਤੁਸੀਂ ਕਿੱਥੇ ਵੋਟ ਪਾ ਸਕਦੇ ਹੋ, ਉੱਚਿਤ ਮਿਊਨਿਸਪਿਲਟੀ ਜਾਂ ਇਲਾਕਾਈ ਜ਼ਿਲੇ ਦੇ ਦਫਤਰ ਨਾਲ ਸੰਪਰਕ ਕਰੋ।

### ਮੈਂ ਇਕ ਖੇਤਰ ਵਿਚ ਰਹਿੰਦਾ/ਰਹਿੰਦੀ ਹਾਂ ਅਤੇ ਦੂਜੇ ਖੇਤਰ ਵਿਚ ਪ੍ਰਾਪਰਟੀ ਦਾ/ਦੀ ਮਾਲਕ ਹਾਂ – ਕੀ ਮੈਂ ਦੋਨਾਂ ਖੇਤਰਾਂ ਵਿਚ ਵੋਟ ਪਾ ਸਕਦਾ/ਸਕਦੀ ਹਾਂ?

**ਹਾਂ।** ਤੁਸੀਂ ਉਸ ਖੇਤਰ ਵਿਚ ਵੋਟ ਪਾ ਸਕਦੇ ਹੋ ਜਿੱਥੇ ਤੁਸੀਂ ਰਹਿੰਦੇ ਹੋ, ਜਦੋਂ ਤੁਸੀਂ **ਵਸਨੀਕ ਵੋਟਰ** ਵਜੋਂ ਯੋਗ ਹੋਵੋ। ਤੁਸੀਂ ਕਿਸੇ ਹੋਰ ਖੇਤਰ ਵਿਚ ਵੀ **ਪ੍ਰਾਪਰਟੀ ਵਾਲੇ ਗੈਰ-ਵਸਨੀਕ ਵੋਟਰ** ਵਜੋਂ ਵੋਟ ਪਾਉਣ ਦੇ ਹੱਕਦਾਰ ਹੋ ਸਕਦੇ ਹੋ ਜਦੋਂ ਤੁਸੀਂ ਉਸ ਖੇਤਰ ਵਿਚ ਵੋਟ ਲਈ ਰਜਿਸਟਰ ਹੋਣ ਤੋਂ ਘੱਟੋ ਘੱਟ 30 ਦਿਨਾਂ ਪਹਿਲਾਂ ਤੋਂ ਪ੍ਰਾਪਰਟੀ ਦੇ ਮਾਲਕ ਹੋਵੋ।

### ਮੈਂ ਬੀ ਸੀ ਵਿਚ ਪ੍ਰਾਪਰਟੀ ਦਾ/ਦੀ ਮਾਲਕ ਹਾਂ ਅਤੇ ਕਿਸੇ ਵੱਖਰੇ ਸੂਬੇ ਜਾਂ ਵੱਖਰੇ ਦੇਸ਼ ਵਿਚ ਰਹਿੰਦਾ/ਰਹਿੰਦੀ ਹਾਂ – ਕੀ ਮੈਂ ਵੋਟ ਪਾ ਸਕਦਾ/ਸਕਦੀ ਹਾਂ?

**ਨਹੀਂ।** ਤੁਹਾਡੇ ਲਈ ਘੱਟੋ ਘੱਟ ਛੇ ਮਹੀਨਿਆਂ ਤੋਂ ਬ੍ਰਿਟਿਸ਼ ਕੋਲੰਬੀਆ ਦੇ ਵਸਨੀਕ ਹੋਣਾ ਅਤੇ ਵੋਟ ਪਾਉਣ ਲਈ ਰਜਿਸਟਰ ਹੋਣ ਤੋਂ ਪਹਿਲਾਂ ਉਸ ਖੇਤਰ ਵਿਚ ਘੱਟੋ ਘੱਟ 30 ਦਿਨਾਂ ਤੋਂ ਪ੍ਰਾਪਰਟੀ ਦੇ ਮਾਲਕ ਹੋਣਾ ਜ਼ਰੂਰੀ ਹੈ ਜਿੱਥੇ ਤੁਸੀਂ ਵੋਟ ਪਾਉਣ ਦਾ ਇਰਾਦਾ ਰੱਖਦੇ ਹੋ।

### ਮੇਰੇ ਕੋਲ ਇਕ ਨਾਲੋਂ ਜ਼ਿਆਦਾ ਪ੍ਰਾਪਰਟੀਆਂ ਹਨ – ਕੀ ਮੈਂ ਇਕ ਨਾਲੋਂ ਜ਼ਿਆਦਾ ਵਾਰੀ ਵੋਟ ਪਾ ਸਕਦਾ/ਸਕਦੀ ਹਾਂ?

ਤੁਸੀਂ **ਪ੍ਰਾਪਰਟੀ ਵਾਲੇ ਗੈਰ-ਵਸਨੀਕ ਵੋਟਰ** ਵਜੋਂ ਸਿਰਫ ਇਕ ਵਾਰ ਹੀ ਵੋਟ ਪਾ ਸਕਦੇ ਹੋ ਜਦੋਂ ਤੁਸੀਂ ਇਕ ਖੇਤਰ ਵਿਚ ਦੋ ਜਾਂ ਜ਼ਿਆਦਾ ਪ੍ਰਾਪਰਟੀਆਂ ਦੇ ਮਾਲਕ ਹੋਵੋ। ਤੁਸੀਂ ਇਕ ਤੋਂ ਵਾਧੂ ਖੇਤਰਾਂ ਵਿਚ ਵੋਟ ਪਾ ਸਕਦੇ ਹੋ ਜਦੋਂ ਤੁਸੀਂ ਹਰ ਇਕ ਖੇਤਰ ਵਿਚ ਵੋਟ ਲਈ ਰਜਿਸਟਰ ਹੋਣ ਤੋਂ ਘੱਟੋ ਘੱਟ 30 ਦਿਨ ਪਹਿਲਾਂ ਤੋਂ ਪ੍ਰਾਪਰਟੀ ਦੇ ਮਾਲਕ ਹੋਵੋ।

### ਮੇਰੀ ਪ੍ਰਾਪਰਟੀ ਕਿਸੇ ਨਾਲ ਸਾਂਝੀ ਹੈ ਅਤੇ ਸਾਡੇ ਵਿੱਚੋਂ ਕੋਈ ਵੀ ਉਸ ਪ੍ਰਾਪਰਟੀ ਵਿਚ ਨਹੀਂ ਰਹਿੰਦਾ – ਕੀ ਅਸੀਂ ਦੋਵੇਂ ਵੋਟ ਪਾ ਸਕਦੇ ਹਾਂ?

**ਨਹੀਂ।** ਇਕ ਪ੍ਰਾਪਰਟੀ ਮਗਰ ਸਿਰਫ ਇਕ **ਪ੍ਰਾਪਰਟੀ ਵਾਲਾ ਗੈਰ-ਵਸਨੀਕ ਵੋਟਰ** ਹੀ ਵੋਟ ਪਾ ਸਕਦਾ ਹੈ। ਜੇ ਤੁਹਾਡੀ ਕੋਈ ਪ੍ਰਾਪਰਟੀ ਕਿਸੇ ਹੋਰ ਵਿਅਕਤੀ (ਵਿਅਕਤੀਆਂ) ਨਾਲ ਸਾਂਝੀ ਹੈ ਤਾਂ ਬਹੁਗਿਣਤੀ ਮਾਲਕਾਂ ਲਈ – ਲਿਖਤੀ ਸਹਿਮਤੀ ਨਾਲ – ਉਸ ਪ੍ਰਾਪਰਟੀ ਦੇ ਕਿਸੇ ਇਕ ਮਾਲਕ ਨੂੰ **ਪ੍ਰਾਪਰਟੀ ਵਾਲਾ ਗੈਰ-ਵਸਨੀਕ ਵੋਟਰ** ਨਿਯਤ ਕਰਨਾ ਜ਼ਰੂਰੀ ਹੈ। ਕੋਈ ਵੀ ਕਿਸੇ ਕਾਰਪੋਰੇਸ਼ਨ ਰਾਹੀਂ ਜਾਂ ਕਾਰਪੋਰੇਸ਼ਨ ਨਾਲ ਪ੍ਰਾਪਰਟੀ ਦੇ ਮਾਲਕ ਹੋਣ ’ਤੇ ਵੋਟ ਪਾਉਣ ਦਾ ਹੱਕਦਾਰ ਨਹੀਂ ਹੈ।

### ਮੇਰੀ ਕਿਸੇ ਨਾਲ ਪ੍ਰਾਪਰਟੀ ਸਾਂਝੀ ਹੈ ਅਤੇ ਉਹ ਵਿਅਕਤੀ ਘਰ ਵਿਚ ਰਹਿ ਰਿਹਾ ਹੈ – ਕੀ ਅਸੀਂ ਦੋਨੋਂ ਵੋਟ ਪਾ ਸਕਦੇ ਹਾਂ?

**ਹਾਂ।** ਘਰ ਵਿਚ ਰਹਿ ਰਿਹਾ ਵਿਅਕਤੀ ਵਸਨੀਕ **ਵੋਟਰ ਵਜੋਂ** ਵੋਟ ਪਾ ਸਕਦਾ ਹੈ ਕਿਉਂਕਿ ਉਹ ਉਸ ਖੇਤਰ ਵਿਚ ਰਹਿੰਦਾ ਹੈ। ਤੁਸੀਂ ਵੀ **ਪ੍ਰਾਪਰਟੀ ਵਾਲੇ ਗੈਰ-ਵਸਨੀਕ ਵੋਟਰ** ਵਜੋਂ ਵੋਟ ਪਾਉਣ ਦੇ ਯੋਗ ਹੋਵੋਗੇ ਜੇ ਤੁਸੀਂ ਵੋਟ ਲਈ ਰਜਿਸਟਰ ਹੋਣ ਤੋਂ ਘੱਟੋ ਘੱਟ 30 ਦਿਨ ਪਹਿਲਾਂ ਤੋਂ ਉਸ ਪ੍ਰਾਪਰਟੀ ਦੇ ਮਾਲਕ ਹੋ। ਦੂਜੇ ਮਾਲਕ ਲਈ ਤੁਹਾਨੂੰ – ਲਿਖਤੀ ਤੌਰ ’ਤੇ – ਉਸ ਪ੍ਰਾਪਰਟੀ ਲਈ **ਪ੍ਰਾਪਰਟੀ ਵਾਲਾ ਗੈਰ-ਵਸਨੀਕ ਵੋਟਰ** ਨਿਯਤ ਕਰਨਾ ਜ਼ਰੂਰੀ ਹੈ।

### ਮੈਂ ਇਕ ਖੇਤਰ ਵਿਚ ਰਹਿੰਦਾ/ਰਹਿੰਦੀ ਹਾਂ ਪਰ ਵੱਖਰੇ ਖੇਤਰ ਵਿਚ ਪੜ੍ਹਦਾ/ਪੜ੍ਹਦੀ ਹਾਂ, ਕੀ ਮੈਂ ਦੋਨਾਂ ਵਿਚ ਵੋਟ ਪਾ ਸਕਦਾ/ਸਕਦੀ ਹਾਂ?

**ਨਹੀਂ।** ਜਦੋਂ ਤੁਸੀਂ ਕਿਸੇ ਵਿਦਿਅਕ ਸੰਸਥਾ ਵਿਚ ਪੜ੍ਹਨ ਲਈ ਆਪਣੀ ਆਮ ਰਿਹਾਇਸ਼ ਦੀ ਬਜਾਏ ਕਿਸੇ ਹੋਰ ਖੇਤਰ ਵਿਚ ਰਹਿੰਦੇ ਹੋ ਤਾਂ ਤੁਸੀਂ ਸਿਰਫ ਇਕ ਖੇਤਰ ਵਿਚ ਹੀ ਵੋਟ ਪਾ ਸਕਦੇ ਹੋ। ਤੁਸੀਂ, ਜਾਂ ਉਸ ਖੇਤਰ ਵਿਚ ਵੋਟ ਪਾਉਣ ਦੀ ਚੋਣ ਕਰ ਸਕਦੇ ਹੋ ਜਿੱਥੇ ਤੁਸੀਂ ਪੜ੍ਹਦੇ ਹੋ ਜਾਂ ਉਸ ਖੇਤਰ ਵਿਚ ਜਿੱਥੇ ਤੁਹਾਡੀ ਆਮ ਰਿਹਾਇਸ਼ ਹੈ।

### ਮੈਂ ਇਕ ਖੇਤਰ ਵਿਚ ਰਹਿੰਦਾ/ਰਹਿੰਦੀ ਹਾਂ ਅਤੇ ਕਿਸੇ ਵੱਖਰੇ ਖੇਤਰ ਵਿਚ ਸਮੇਂ ਦੇ ਲੰਮੇ ਵਕਫਿਆਂ ਲਈ ਕੰਮ ਕਰਦਾ/ਕਰਦੀ ਹਾਂ – ਕੀ ਮੈਂ ਦੋਨਾਂ ਵਿਚ ਵੋਟ ਪਾ ਸਕਦਾ/ਸਕਦੀ ਹਾਂ?

**ਨਹੀਂ।** ਜਦੋਂ ਤੁਸੀਂ ਆਪਣੀ ਆਮ ਰਿਹਾਇਸ਼ ਵਾਲੇ ਖੇਤਰ ਤੋਂ ਦੂਰ ਰਹਿੰਦੇ ਹੋ ਅਤੇ ਕਿਸੇ ਹੋਰ ਖੇਤਰ ਵਿਚ ਸਮੇਂ ਦੇ ਲੰਮੇ ਵਕਫ਼ਿਆਂ ਲਈ ਕੰਮ ਕਰਦੇ ਹੋ ਤਾਂ ਤੁਸੀਂ ਸਿਰਫ ਇਕ ਖੇਤਰ ਵਿਚ ਹੀ ਵੋਟ ਪਾ ਸਕਦੇ ਹੋ। ਤੁਹਾਡੇ ਲਈ ਉਸ ਖੇਤਰ ਵਿਚ ਵੋਟ ਪਾਉਣਾ ਜ਼ਰੂਰੀ ਹੈ ਜਿੱਥੇ ਤੁਸੀਂ ਆਪਣੀ ਆਮ ਰਿਹਾਇਸ਼ ਰੱਖਦੇ ਹੋ।



## ਮੈਂ ਇਕ ਕੰਪਨੀ ਦਾ/ਦੀ ਮਾਲਕ ਹਾਂ – ਕੀ ਮੈਨੂੰ ਲੋਕਲ ਇਲੈਕਸ਼ਨ ਵਿਚ ਇਕ ਵਾਧੂ ਵੋਟ ਮਿਲਦੀ ਹੈ?

**ਨਹੀਂ।** ਲੋਕਲ ਇਲੈਕਸ਼ਨਾਂ ਵਿਚ ਕੋਈ ਵੀ ਕਾਰਪੋਰੇਟ ਜਾਂ ਬਿਜ਼ਨਸ ਵੋਟ ਨਹੀਂ ਹੈ। ਵੋਟ ਪਾਉਣ ਦੇ ਹੱਕ ਨਾਗਰਿਕਾਂ ਨੂੰ ਰਿਹਾਇਸ਼ ਜਾਂ ਪ੍ਰਾਪਰਟੀ ਦੀ ਮਾਲਕੀ ਦੇ ਆਧਾਰ ’ਤੇ ਦਿੱਤੇ ਜਾਂਦੇ ਹਨ। ਤੁਸੀਂ ਕਿਸੇ ਕਾਰਪੋਰੇਸ਼ਨ ਦੀ ਤਰਫੋਂ ਵੋਟ ਨਹੀਂ ਪਾ ਸਕਦੇ, ਜਾਂ ਕਿਸੇ ਕਾਰਪੋਰੇਸ਼ਨ ਦੀ ਪੂਰੀ ਜਾਂ ਅੰਸ਼ਕ ਮਾਲਕੀ ਵਾਲੀ ਪ੍ਰਾਪਰਟੀ ਦੀ ਤਰਫੋਂ **ਪ੍ਰਾਪਰਟੀ ਵਾਲੇ ਗੈਰ-ਵਸਨੀਕ ਵੋਟਰ** ਵਜੋਂ ਵੋਟ ਨਹੀਂ ਪਾ ਸਕਦੇ।

## ਕੀ ਵੋਟ ਪਾਉਣ ਲਈ ਮੈਨੂੰ ਆਈਡੈਂਟੀਫਿਕੇਸ਼ਨ (ਪਛਾਣ-ਪੱਤਰ) ਦੀ ਲੋੜ ਹੈ?

ਜਦੋਂ ਕੋਈ ਖੇਤਰ ਵੋਟਰ ਸੂਚੀ ਦੀ ਵਰਤੋਂ ਕਰਦਾ ਹੈ ਅਤੇ ਤੁਹਾਡਾ ਨਾਂ ਵੋਟਰ ਸੂਚੀ ’ਤੇ ਹੈ ਤਾਂ ਪਛਾਣ-ਪੱਤਰ (ਆਈਡੈਂਟੀਫਿਕੇਸ਼ਨ) ਦੀ ਲੋੜ ਨਹੀਂ ਹੈ। ਜੇ ਤੁਹਾਡਾ ਨਾਂ ਵੋਟਰ ਸੂਚੀ ਵਿਚ ਨਾ ਹੋਵੇ ਜਾਂ ਖੇਤਰ ਵੋਟਰ ਸੂਚੀ ਦੀ ਵਰਤੋਂ ਨਾ ਕਰਦਾ ਹੋਵੇ ਤਾਂ ਤੁਹਾਨੂੰ ਪਛਾਣ-ਪੱਤਰ ਦਿਖਾਉਣ ਦੀ ਲੋੜ ਹੋਵੇਗੀ।

ਤੁਹਾਡੇ ਲਈ ਦੋ ਵੱਖੋ ਵੱਖਰੇ ਪਛਾਣ-ਪੱਤਰ ਦਿਖਾਉਣਾ ਜ਼ਰੂਰੀ ਹੈ (ਬੀ ਸੀ ਸਰਵਿਸਿਜ਼ ਕਾਰਡ **ਇਕ** ਪਛਾਣ-ਪੱਤਰ ਸਮਝਿਆ ਜਾਂਦਾ ਹੈ) ਜਿਹੜੇ ਇਹ ਸਾਬਤ ਕਰਦੇ ਹੋਣ ਕਿ ਤੁਸੀਂ ਕੌਣ ਹੋ ਅਤੇ ਤੁਸੀਂ ਕਿੱਥੇ ਰਹਿੰਦੇ ਹੋ – ਜਾਂ ਤੁਹਾਨੂੰ ਸਹੁੰ ਖਾ ਕੇ ਬਿਆਨ ਦੇਣਾ ਪਵੇਗਾ ਕਿ ਤੁਸੀਂ ਕਿੱਥੇ ਰਹਿੰਦੇ ਹੋ – ਜਦੋਂ ਹਲਕੇ ਵਲੋਂ ਪਛਾਣ-ਪੱਤਰ ਦੀ ਮੰਗ ਕੀਤੀ ਜਾਂਦੀ ਹੋਵੇ ਅਤੇ ਤੁਸੀਂ **ਵਸਨੀਕ ਵੋਟਰ** ਦੇ ਤੌਰ ’ਤੇ ਵੋਟ ਪਾਉਣ ਦੇ ਹੱਕਦਾਰ ਹੋਵੋ। ਇਕ ਪਛਾਣ-ਪੱਤਰ ’ਤੇ ਤੁਹਾਡੇ ਦਸਖਤ ਹੋਣੇ ਜ਼ਰੂਰੀ ਹਨ।

ਤੁਹਾਡੇ ਲਈ ਦੋ ਵੱਖੋ ਵੱਖਰੇ ਪਛਾਣ-ਪੱਤਰ ਦਿਖਾਉਣਾ ਜ਼ਰੂਰੀ ਹੈ (ਬੀ ਸੀ ਸਰਵਿਸਿਜ਼ ਕਾਰਡ **ਇਕ** ਪਛਾਣ-ਪੱਤਰ ਸਮਝਿਆ ਜਾਂਦਾ ਹੈ) ਜਿਹੜੇ ਇਹ ਸਾਬਤ ਕਰਦੇ ਹੋਣ ਕਿ ਤੁਸੀਂ ਕੌਣ ਹੋ ਅਤੇ ਤੁਸੀਂ ਕਿੱਥੇ ਰਹਿੰਦੇ ਹੋ ਅਤੇ ਇਸ ਦੇ ਨਾਲ ਨਾਲ ਤੁਹਾਡੀ ਮਾਲਕੀ ਵਾਲੀ ਪ੍ਰਾਪਰਟੀ ਦਾ ਐਡਰੈਸ ਜਾਂ ਕਾਨੂੰਨੀ ਵੇਰਵਾ ਅਤੇ ਟਾਈਟਲ (ਜਾਂ ਮਾਲਕੀ ਦਾ ਕੋਈ ਹੋਰ ਸਬੂਤ) ਦਿਖਾਉਣਾ ਜ਼ਰੂਰੀ ਹੈ ਜਦੋਂ ਹਲਕੇ ਵਲੋਂ ਪਛਾਣ-ਪੱਤਰ ਦੀ ਮੰਗ ਕੀਤੀ ਜਾਂਦੀ ਹੋਵੇ ਅਤੇ ਤੁਸੀਂ **ਪ੍ਰਾਪਰਟੀ ਵਾਲੇ ਗੈਰ-ਵਸਨੀਕ ਵੋਟਰ** ਦੇ ਤੌਰ ’ਤੇ ਵੋਟ ਪਾਉਣ ਦੇ ਹੱਕਦਾਰ ਹੋਵੋ। ਜੇ ਤੁਹਾਡੀ ਪ੍ਰਾਪਰਟੀ ਇਕ ਜਾਂ ਜ਼ਿਆਦਾ ਲੋਕਾਂ ਨਾਲ ਸਾਂਝੀ ਹੋਵੇ ਤਾਂ ਸਿਰਫ ਇਕ ਮਾਲਕ ਹੀ ਵੋਟ ਪਾ ਸਕਦਾ ਹੈ ਅਤੇ ਉਸ ਕੋਲ ਦੂਸਰੇ ਮਾਲਕਾਂ ਵਿੱਚੋਂ ਬਹੁਗਿਣਤੀ ਦੀ ਲਿਖਤੀ ਸਹਿਮਤੀ ਹੋਣੀ ਜ਼ਰੂਰੀ ਹੈ।

ਇਹ ਜਾਣਨ ਲਈ ਕਿ ਕੀ ਪਛਾਣ-ਪੱਤਰ ਦੀ ਲੋੜ ਹੈ ਜਾਂ ਨਹੀਂ ਅਤੇ ਕਿਸ ਤਰ੍ਹਾਂ ਦੀ ਪਛਾਣ ਪ੍ਰਵਾਨ ਕੀਤੀ ਜਾਵੇਗੀ (ਜਿਵੇਂ ਡਰਾਈਵਰ ਲਾਇਸੰਸ, ਸੋਸ਼ਲ ਇਨਸ਼ੋਰੈਂਸ ਕਾਰਡ) ਸੰਬੰਧਿਤ ਖੇਤਰ ਨਾਲ ਸੰਪਰਕ ਕਰੋ।

## ਮੈਂ ਵੋਟ ਪਾਉਣ ਲਈ ਰਜਿਸਟਰ ਕਿਵੇਂ ਹੋਣਾ ਹੈ?

ਤੁਸੀਂ ਪਹਿਲਾਂ ਹੀ ਲੋਕਲ ਇਲੈਕਸ਼ਨ ਵਿਚ ਵੋਟ ਪਾਉਣ ਲਈ ਰਜਿਸਟਰ ਹੋ, ਜਦੋਂ ਖੇਤਰ ਵੋਟਰ ਰਜਿਸਟਰੇਸ਼ਨ ਲਈ ਵੋਟਰਾਂ ਦੀ ਲਿਸਟ ਦੀ ਵਰਤੋਂ ਕਰਦਾ ਹੈ, ਅਤੇ ਤੁਹਾਡਾ ਨਾਂ ਵੋਟਰਾਂ ਦੀ ਲਿਸਟ ਵਿਚ ਹੈ। ਤੁਹਾਨੂੰ ਵੋਟ ਪਰਚੀ ਲੈਣ ਲਈ ਆਪਣਾ ਪਛਾਣ-ਪੱਤਰ ਦਿਖਾਉਣ ਦੀ ਲੋੜ ਨਹੀਂ ਪਵੇਗੀ, ਜਦੋਂ ਤੁਹਾਡਾ ਨਾਂ ਵੋਟਰਾਂ ਦੀ ਲਿਸਟ ਵਿਚ ਸ਼ਾਮਲ ਹੋਵੇ।

ਹੋ ਸਕਦਾ ਹੈ ਕਿ ਵੋਟਰਾਂ ਦੀ ਲਿਸਟ ਵਰਤਣ ਵਾਲੇ ਖੇਤਰ ਅਗਾਊਂ (ਐਡਵਾਂਸ) ਵੋਟਰ ਰਜਿਸਟਰੇਸ਼ਨ ਕਰਨ ਦੇਣ। ਵੋਟਾਂ ਪਾਉਣ ਦੇ ਸਮੇਂ ਦੌਰਾਨ ਤੁਸੀਂ ਵੋਟਾਂ ਵਾਲੀ ਥਾਂ ’ਤੇ ਵੀ ਵੋਟ ਪਾਉਣ ਲਈ ਰਜਿਸਟਰ ਹੋ ਸਕਦੇ ਹੋ। ਤੁਹਾਡੇ ਲਈ ਦੋ ਵੱਖੋ ਵੱਖਰੇ ਪਛਾਣ-ਪੱਤਰ ਦਿਖਾਉਣਾ ਜ਼ਰੂਰੀ ਹੈ (ਬੀ ਸੀ ਸਰਵਿਸਿਜ਼ ਕਾਰਡ **ਇਕ** ਪਛਾਣ-ਪੱਤਰ ਸਮਝਿਆ ਜਾਂਦਾ ਹੈ) ਜਿਹੜੇ ਇਹ ਸਾਬਤ ਕਰਦੇ ਹੋਣ ਕਿ ਤੁਸੀਂ ਕੌਣ ਹੋ ਅਤੇ ਤੁਸੀਂ ਕਿੱਥੇ ਰਹਿੰਦੇ ਹੋ – ਇਕ ਪਛਾਣ-ਪੱਤਰ ’ਤੇ ਤੁਹਾਡੇ ਦਸਖਤ ਹੋਣੇ ਜ਼ਰੂਰੀ ਹਨ।

ਵੋਟਰ ਰਜਿਸਟਰੇਸ਼ਨ ਦੇ ਤਰੀਕੇ ਬਾਰੇ ਜ਼ਿਆਦਾ ਵਿਸਥਾਰ ਵਿਚ ਜਾਣਕਾਰੀ ਲੈਣ ਲਈ ਸੰਬੰਧਿਤ ਖੇਤਰ ਨਾਲ ਸੰਪਰਕ ਕਰੋ।

## ਪ੍ਰਾਪਰਟੀ ਵਾਲੇ ਗੈਰ-ਵਸਨੀਕ ਵੋਟਰ ਵੋਟ ਪਾਉਣ ਲਈ ਕਿਸ ਤਰ੍ਹਾਂ ਰਜਿਸਟਰ ਹੁੰਦੇ ਹਨ?

ਜਦੋਂ ਅਗਾਊਂ (ਐਡਵਾਂਸ) ਰਜਿਸਟਰੇਸ਼ਨ ਕੀਤੀ ਜਾਂਦੀ ਹੋਵੇ ਤਾਂ ਤੁਸੀਂ ਉਸ ਖੇਤਰ ਨਾਲ ਲੋਕਲ ਇਲੈਕਸ਼ਨ ਤੋਂ ਪਹਿਲਾਂ ਵੋਟ ਪਾਉਣ ਲਈ ਰਜਿਸਟਰ ਹੋ ਸਕਦੇ ਹੋ, ਜਿਸ ਖੇਤਰ ਵਿਚ ਤੁਸੀਂ ਪ੍ਰਾਪਰਟੀ ਦੇ ਮਾਲਕ ਹੋ। ਤੁਸੀਂ ਵੋਟ ਪਾਉਣ ਦੇ ਸਮੇਂ ’ਤੇ ਵੀ ਰਜਿਸਟਰ ਹੋ ਸਕਦੇ ਹੋ।

ਤੁਹਾਡੇ ਲਈ ਦੋ ਵੱਖੋ ਵੱਖਰੇ ਪਛਾਣ-ਪੱਤਰ ਦਿਖਾਉਣਾ ਜ਼ਰੂਰੀ ਹੈ (ਬੀ ਸੀ ਸਰਵਿਸਿਜ਼ ਕਾਰਡ **ਇਕ** ਪਛਾਣ-ਪੱਤਰ ਸਮਝਿਆ ਜਾਂਦਾ ਹੈ) ਜਿਹੜੇ ਇਹ ਸਾਬਤ ਕਰਦੇ ਹੋਣ ਕਿ ਤੁਸੀਂ ਕੌਣ ਹੋ ਅਤੇ ਤੁਸੀਂ ਕਿੱਥੇ ਰਹਿੰਦੇ ਹੋ – ਇਕ ਪਛਾਣ-ਪੱਤਰ ’ਤੇ ਤੁਹਾਡੇ ਦਸਖਤ ਹੋਣੇ ਜ਼ਰੂਰੀ ਹਨ। ਤੁਹਾਡੇ ਲਈ ਤੁਹਾਡੀ ਮਾਲਕੀ ਵਾਲੀ ਪ੍ਰਾਪਰਟੀ ਦਾ ਐਡਰੈਸ ਜਾਂ ਕਾਨੂੰਨੀ ਵੇਰਵਾ ਅਤੇ ਟਾਈਟਲ (ਜਾਂ ਮਾਲਕੀ ਦਾ ਕੋਈ ਹੋਰ ਸਬੂਤ) ਦਿਖਾਉਣਾ ਵੀ ਜ਼ਰੂਰੀ ਹੈ।

ਜਦੋਂ ਤੁਹਾਡੀ ਪ੍ਰਾਪਰਟੀ ਇਕ ਜਾਂ ਜ਼ਿਆਦਾ ਮਾਲਕਾਂ ਨਾਲ ਸਾਂਝੀ ਹੋਵੇ ਤਾਂ ਤੁਹਾਨੂੰ ਲਿਖਤੀ ਰੂਪ ਵਿਚ ਇਹ ਵੀ ਦਿਖਾਉਣਾ ਪਵੇਗਾ ਕਿ **ਪ੍ਰਾਪਰਟੀ ਵਾਲੇ ਗੈਰ-ਵਸਨੀਕ ਵੋਟਰ** ਵਜੋਂ ਵੋਟ ਪਾਉਣ ਲਈ ਤੁਹਾਡੇ ਕੋਲ ਬਹੁਗਿਣਤੀ ਮਾਲਕਾਂ ਦੀ ਸਹਿਮਤੀ ਹੈ।

ਵੋਟਰ ਰਜਿਸਟਰੇਸ਼ਨ ਦੇ ਤਰੀਕੇ ਬਾਰੇ ਜ਼ਿਆਦਾ ਵਿਸਥਾਰ ਵਿਚ ਜਾਣਕਾਰੀ ਲੈਣ ਲਈ ਉਸ ਖੇਤਰ ਨਾਲ ਸੰਪਰਕ ਕਰੋ ਜਿੱਥੇ ਤੁਹਾਡੀ ਪ੍ਰਾਪਰਟੀ ਹੈ।

## ਆਮ ਲੋਕਲ ਇਲੈਕਸ਼ਨਾਂ ਕਦੋਂ ਹੁੰਦੀਆਂ ਹਨ?

ਆਮ ਲੋਕਲ ਇਲੈਕਸ਼ਨਾਂ ਹਰ ਚਾਰ ਸਾਲਾਂ ਬਾਅਦ ਅਕਤੂਬਰ ਦੇ ਤੀਜੇ ਛਨਿੱਚਰਵਾਰ ਨੂੰ ਹੁੰਦੀਆਂ ਹਨ। ਵੋਟਾਂ ਦਾ ਅਗਲਾ ਆਮ ਦਿਨ, ਦਿਨ **ਛਨਿੱਚਰਵਾਰ, 20 ਅਕਤੂਬਰ, 2018** ਹੈ। ਵੋਟਾਂ ਪਾਉਣ ਵਾਲੀਆਂ ਥਾਂਵਾਂ ਆਮ ਵੋਟਾਂ ਵਾਲੇ ਦਿਨ ਸਥਾਨਕ ਸਮੇਂ ਮੁਤਾਬਕ ਸਵੇਰ ਦੇ 8 ਵਜੇ ਤੋਂ ਸ਼ਾਮ ਦੇ 8 ਵਜੇ ਤੱਕ ਖੁੱਲ੍ਹੀਆਂ ਹੁੰਦੀਆਂ ਹਨ।

## ਕੀ ਮੈਂ ਆਮ ਵੋਟਾਂ ਦੇ ਦਿਨ ਤੋਂ ਪਹਿਲਾਂ ਵੋਟ ਪਾ ਸਕਦਾ/ਸਕਦੀ ਹਾਂ?

**ਹਾਂ।** ਵੋਟਾਂ ਵਾਲੇ ਆਮ ਦਿਨ ਤੋਂ ਦਸ ਦਿਨ ਪਹਿਲਾਂ ਹਰ ਖੇਤਰ ਵਿਚ ਘੱਟੋ ਘੱਟ ਇਕ ਦਿਨ ਅਗਾਊਂ (ਐਡਵਾਂਸ) ਵੋਟ ਜ਼ਰੂਰੀ ਪਵਾਈ ਜਾਵੇਗੀ। ਬਹੁਤ ਸਾਰੇ ਖੇਤਰ ਅਗਾਊਂ (ਐਡਵਾਂਸ) ਵੋਟ ਪਾਉਣ ਦੇ ਇਕ ਨਾਲੋਂ ਜ਼ਿਆਦਾ ਮੌਕੇ ਦਿੰਦੇ ਹਨ। ਆਉਣ ਵਾਲੀ ਆਮ ਸਥਾਨਕ ਇਲੈਕਸ਼ਨ ਵਿਚ ਅਗਾਊਂ (ਐਡਵਾਂਸ) ਵੋਟ ਲਈ ਮਿੱਥੀ ਗਈ ਤਰੀਕ **ਬੁੱਧਵਾਰ, 10 ਅਕਤੂਬਰ, 2018** ਹੈ।

ਖੇਤਰ ਉਨ੍ਹਾਂ ਯੋਗ ਵੋਟਰਾਂ ਲਈ ਵੋਟ ਪਾਉਣ ਦੇ ਖਾਸ ਮੌਕੇ ਪ੍ਰਦਾਨ ਕਰ ਸਕਦੇ ਹਨ ਜਿਹੜੇ ਉਸ ਤਰ੍ਹਾਂ ਅਗਾਊਂ (ਐਡਵਾਂਸ) ਵੋਟ ਜਾਂ ਵੋਟਾਂ ਵਾਲੇ ਦਿਨ ਵੋਟ ਨਹੀਂ ਪਾ ਸਕਣਗੇ। ਖਾਸ ਵੋਟਾਂ ਪਾਉਣ ਦੇ ਮੌਕੇ ਆਮ ਤੌਰ ’ਤੇ ਹਸਪਤਾਲਾਂ ਵਿਚ, ਲੌਂਗ-ਟਰਮ ਕੇਅਰ ਸਥਾਨਾਂ ਵਿਚ ਜਾਂ ਅਜਿਹੀਆਂ ਹੋਰ ਥਾਂਵਾਂ ’ਤੇ ਪ੍ਰਦਾਨ ਕੀਤੇ ਜਾਂਦੇ ਹਨ ਜਿੱਥੇ ਵੋਟਰ ਸ਼ਾਇਦ ਬਹੁਤੀ ਹਿਲਜੁਲ ਨਾ ਕਰ ਸਕਦਾ ਹੋਵੇ। ਇਹ ਪਤਾ ਲਾਉਣ ਲਈ ਸੰਬੰਧਿਤ ਖੇਤਰ ਨਾਲ ਸੰਪਰਕ ਕਰੋ ਕਿ ਤੁਸੀਂ ਵੋਟਾਂ ਵਾਲੇ ਆਮ ਦਿਨ ਤੋਂ ਪਹਿਲਾਂ ਵੋਟ ਕਿਵੇਂ ਪਾ ਸਕਦੇ ਹੋ।

## ਜੇ ਮੈਂ ਅਗਾਊਂ ਵੋਟਾਂ ਵਾਲੇ ਦਿਨ ਅਤੇ ਵੋਟਾਂ ਵਾਲੇ ਆਮ ਦਿਨ ਨੂੰ ਆਪਣੇ ਇਲਾਕੇ ਵਿੱਚੋਂ ਗੈਰਹਾਜ਼ਰ ਹੋਣਾ ਹੈ ਤਾਂ ਮੈਂ ਵੋਟ ਕਿਵੇਂ ਪਾ ਸਕਦਾ/ਸਕਦੀ ਹਾਂ?

ਕੁਝ ਖੇਤਰ ਉਨ੍ਹਾਂ ਯੋਗ ਵੋਟਰਾਂ ਨੂੰ ਡਾਕ ਰਾਹੀਂ ਵੋਟ ਪਾਉਣ ਦੀ ਆਗਿਆ ਦਿੰਦੇ ਹਨ, ਜਿਹੜੇ ਵੋਟਰ ਸਰੀਰਕ ਤੌਰ ’ਤੇ ਵੋਟ ਪਾਉਣ ਵਾਲੀ ਥਾਂ ’ਤੇ ਨਾ ਆ ਸਕਦੇ ਹੋਣ ਜਾਂ ਅਗਾਊਂ (ਐਡਵਾਂਸ) ਵੋਟਾਂ ਵਾਲੇ ਦਿਨ ਅਤੇ ਵੋਟਾਂ ਵਾਲੇ ਆਮ ਦਿਨ ਵੋਟ ਪਾਉਣ ਤੋਂ ਅਸਮਰਥ ਹੋਣ। ਡਾਕ ਰਾਹੀਂ ਵੋਟ ਪਾਉਣ ਬਾਰੇ ਜਾਣਕਾਰੀ ਲੈਣ ਲਈ ਸੰਬੰਧਿਤ ਖੇਤਰ ਨਾਲ ਸੰਪਰਕ ਕਰੋ।

## ਜੇ ਮੈਨੂੰ ਵੋਟ ਪਾਉਣ ਵਿਚ ਮਦਦ ਦੀ ਲੋੜ ਹੋਵੇ ਤਾਂ ਕੀ ਹੋਵੇਗਾ?

ਸਾਰੇ ਖੇਤਰਾਂ ਲਈ ਵੋਟ ਪਾਉਣ ਵਾਲੀਆਂ ਥਾਂਵਾਂ ਨੂੰ ਵੱਧ ਤੋਂ ਵੱਧ ਪਹੁੰਚਯੋਗ ਬਣਾਉਣਾ ਜ਼ਰੂਰੀ ਹੈ। ਜੇ:

- ਤੁਸੀਂ ਵੋਟ ਪਾਉਣ ਵਾਲੀ ਥਾਂ ’ਤੇ ਜਾ ਸਕਦੇ ਹੋਵੋ ਅਤੇ ਤੁਹਾਨੂੰ ਉਸ ਬਿਲਡਿੰਗ ਜਾਂ ਕਮਰੇ ਵਿਚ ਜਾਣਾ ਮੁਸ਼ਕਲ ਲੱਗਦਾ ਹੋਵੇ ਜਿੱਥੇ ਵੋਟਾਂ ਪੈ ਰਹੀਆਂ ਹੋਣ ਤਾਂ ਤੁਸੀਂ ਕਿਸੇ ਇਲੈਕਸ਼ਨ ਅਧਿਕਾਰੀ ਨੂੰ ਆਪਣੀ ਵੋਟ-ਪਰਚੀ ਲਿਆਉਣ ਲਈ ਕਹਿ ਸਕਦੇ ਹੋ (ਇਸ ਨੂੰ “ਕਰਬ-ਸਾਈਡ” ਵੋਟਿੰਗ ਆਖਿਆ ਜਾਂਦਾ ਹੈ);
- ਤੁਸੀਂ ਆਪਣੀ ਵੋਟ-ਪਰਚੀ ’ਤੇ ਨਿਸ਼ਾਨੀ ਨਾ ਲਗਾ ਸਕਦੇ ਹੋਵੋ ਤਾਂ ਤੁਸੀਂ ਕਿਸੇ ਇਲੈਕਸ਼ਨ ਅਧਿਕਾਰੀ, ਦੋਸਤ ਜਾਂ ਰਿਸ਼ਤੇਦਾਰ ਨੂੰ ਮਦਦ ਕਰਨ ਲਈ ਕਹਿ ਸਕਦੇ ਹੋ; ਜਾਂ,
- ਤੁਹਾਨੂੰ ਦੋਭਾਸ਼ੀਏ ਦੀ ਲੋੜ ਹੋਵੇ ਤਾਂ ਤੁਸੀਂ ਆਪਣੀ ਮਦਦ ਲਈ ਕਿਸੇ ਨੂੰ ਲਿਆ ਸਕਦੇ ਹੋ। ਦੋਭਾਸ਼ੀਆ ਰਸਮੀ ਤੌਰ ’ਤੇ ਇਹ ਐਲਾਨ ਕਰਨ ਦੇ ਯੋਗ ਹੋਣਾ ਚਾਹੀਦਾ ਹੈ ਕਿ ਉਹ ਆਪਣੀ ਪੂਰੀ ਯੋਗਤਾ ਨਾਲ ਅਨੁਵਾਦ ਕਰ ਸਕਦਾ ਹੈ ਅਤੇ ਕਰੇਗਾ।

## ਕੀ ਮੈਂ ਇੰਟਰਨੈੱਟ ਜਾਂ ਫੋਨ ਰਾਹੀਂ ਵੋਟ ਪਾ ਸਕਦਾ/ਸਕਦੀ ਹਾਂ?

**ਨਹੀਂ।** ਤੁਸੀਂ ਆਪਣੀ ਵੋਟ ਇੰਟਰਨੈੱਟ ਜਾਂ ਫੋਨ ਰਾਹੀਂ ਨਹੀਂ ਪਾ ਸਕਦੇ।

## ਜੇ ਮੈਨੂੰ ਲੱਗੇ ਕਿ ਕਿਸੇ ਨੇ ਇਲੈਕਸ਼ਨ ਜੁਰਮ ਕੀਤਾ ਹੈ ਤਾਂ ਮੈਂ ਕੀ ਕਰ ਸਕਦਾ/ਸਕਦੀ ਹਾਂ?

ਜੇ ਤੁਹਾਨੂੰ ਲੱਗੇ ਕਿ ਕਿਸੇ ਨੇ ਇਲੈਕਸ਼ਨ ਜੁਰਮ ਕੀਤਾ ਹੈ ਤਾਂ ਆਪਣੀ ਲੋਕਲ ਪੁਲੀਸ ਨਾਲ ਸੰਪਰਕ ਕਰੋ। ਪੁਲੀਸ ਪੜਤਾਲ ਕਰਨ ਅਤੇ ਕਰਾਊਨ ਕੌਂਸਲ (ਸਰਕਾਰੀ ਵਕੀਲ) ਨੂੰ ਇਹ ਸਿਫਾਰਸ਼ ਕਰਨ ਲਈ ਜ਼ਿੰਮੇਵਾਰ ਹੈ ਕਿ ਚਾਰਜ ਲਗਾਏ ਜਾਣ। ਇਲੈਕਸ਼ਨ ਜੁਰਮਾਂ ਦੇ ਮੁਕੱਦਮੇ ਨਿਆਂਇਕ ਸਿਸਟਮ ਰਾਹੀਂ ਚਲਾਏ ਜਾਂਦੇ ਹਨ।

ਜੇ ਤੁਹਾਨੂੰ ਲੱਗੇ ਕਿ ਕਿਸੇ ਨੇ ਇਸ਼ਤਿਹਾਰਬਾਜ਼ੀ ਨਾਲ ਸੰਬੰਧਿਤ ਇਲੈਕਸ਼ਨ ਦਾ ਜੁਰਮ ਕੀਤਾ ਹੈ – ਜਿਵੇਂ ਸਪਾਂਸਰਸ਼ਿਪ ਦੀ ਜਾਣਕਾਰੀ ਦਿੱਤੇ ਬਿਨਾਂ ਇਸ਼ਤਿਹਾਰ ਪ੍ਰਕਾਸ਼ਤ ਕਰਨਾ – ਜਾਂ ਚੋਣ ਮੁਹਿੰਮ ਦੇ ਫੰਡਾਂ ਬਾਰੇ ਜੁਰਮ ਕੀਤਾ ਹੈ ਤਾਂ ਇਲੈਕਸ਼ਨ ਬੀ ਸੀ ਨੂੰ ਦੱਸੋ। ਇਲੈਕਸ਼ਨਜ਼ ਬੀ ਸੀ ਲੋਕਲ *ਇਲੈਕਸ਼ਨਜ਼ ਕੈਂਪੇਨ ਫਾਇਨੈਂਸਿੰਗ ਐਕਟ* ਹੇਠ ਸਥਾਨਕ ਇਲੈਕਸ਼ਨਾਂ ਵਿਚ ਇਸ਼ਤਿਹਾਰਬਾਜ਼ੀ ਅਤੇ ਚੋਣ ਮੁਹਿੰਮ ਦੇ ਫੰਡਾਂ ਬਾਰੇ ਨਿਯਮਾਂ ਦਾ ਪ੍ਰਬੰਧ ਕਰਨ ਅਤੇ ਇਨ੍ਹਾਂ ਦੀ ਪਾਲਣਾ ਕਰਵਾਉਣ ਲਈ ਜ਼ਿੰਮੇਵਾਰ ਹੈ।

ਸਥਾਨਕ ਮੁੱਖ ਇਲੈਕਸ਼ਨ ਅਫਸਰ ਕੋਲ ਇਲੈਕਸ਼ਨ ਨਾਲ ਸੰਬੰਧਤ ਜੁਰਮਾਂ ਦੀ ਜਾਂਚ ਕਰਨ ਜਾਂ ਦੰਡ ਲਾਉਣ ਦਾ ਅਧਿਕਾਰ ਨਹੀਂ ਹੈ।

## ਬ੍ਰਿਟਿਸ਼ ਕੋਲੰਬੀਆ ਵਿਚ ਲੋਕਲ ਇਲੈਕਸ਼ਨਾਂ ਵਿਚ ਵੋਟ ਪਾਉਣ ਬਾਰੇ ਮੈਨੂੰ ਜ਼ਿਆਦਾ ਜਾਣਕਾਰੀ ਕਿਵੇਂ ਮਿਲ ਸਕਦੀ ਹੈ?

ਵੋਟ ਪਾਉਣ ਲਈ ਹੱਕਦਾਰ ਹੋਣ, ਵੋਟ ਕਿੱਥੇ ਪਾਉਣੀ ਹੈ ਅਤੇ ਕਦੋਂ ਪਾਉਣੀ ਹੈ ਅਤੇ ਇਲੈਕਸ਼ਨ ਦੀ ਪ੍ਰਕ੍ਰਿਆ ਨਾਲ ਸੰਬੰਧਿਤ ਆਮ ਸਵਾਲਾਂ ਦੇ ਜੁਆਬ ਲੈਣ ਲਈ ਸੰਬੰਧਿਤ ਖੇਤਰ ਨਾਲ ਸੰਪਰਕ ਕਰੋ।

ਸਥਾਨਕ ਸਰਕਾਰਾਂ ਦੇ ਐਡਰੈਸ, ਟੈਲੀਫੋਨ ਨੰਬਰ, ਈਮੇਲ ਐਡਰੈਸ ਅਤੇ ਵੈੱਬਸਾਈਟ ਸਿਵਕਇਨਫੋਬੀਸੀ ਦੇ ਵੈੱਬਸਾਈਟ www.civicinfo.bc.ca/directories ਤੋਂ ਮਿਲਦੇ ਹਨ।

**ਮਿਊਨਿਸਪਲ ਅਤੇ ਇਲਾਕਾਈ ਜ਼ਿਲੇ ਦੀਆਂ ਇਲੈਕਸ਼ਨਾਂ ਬਾਰੇ** ਕਾਨੂੰਨੀ **ਸਵਾਲਾਂ** ਦੇ ਜੁਆਬ ਲੈਣ ਲਈ ਕਿਰਪਾ ਕਰਕੇ ਸੰਪਰਕ ਕਰੋ:

**Ministry of Municipal Affairs and Housing**
Governance and Structure Branch
ਫੋਨ: 250 387-4020
ਈਮੇਲ: LGgovernance@gov.bc.ca
www.gov.bc.ca/localelections

**ਇਲੈਕਸ਼ਨ ਨਾਲ ਸੰਬੰਧਿਤ ਇਸ਼ਤਿਹਾਰਬਾਜ਼ੀ, ਥਰਡ ਪਾਰਟੀ ਸਪੌਂਸਰਜ਼ ਅਤੇ ਇਲੈਕਸ਼ਨ ਮੁਹਿੰਮ ਦੇ ਫੰਡਾਂ ਨੂੰ ਜ਼ਾਹਰ ਕਰਨ ਬਾਰੇ ਸਵਾਲਾਂ ਦੇ** ਜਵਾਬਾਂ ਲਈ ਕਿਰਪਾ ਕਰਕੇ ਸੰਪਰਕ ਕਰੋ:

**Elections BC**
ਫੋਨ: 250 387-5305
ਟੋਲ–ਫ੍ਰੀ: 1 855 952-0280 / ਟੀ ਟੀ ਵਾਈ 1 888 456-5448
ਫੈਕਸ: 250 387-3578
ਟੋਲ–ਫ੍ਰੀ ਫੈਕਸ: 1 866 466-0665
ਈਮੇਲ: lecf@elections.bc.ca
www.elections.bc.ca/lecf

**ਬੋਰਡਜ਼ ਔਫ ਐਜੂਕੇਸ਼ਨ ਦੀਆਂ ਇਲੈਕਸ਼ਨਾਂ** ਨਾਲ ਸੰਬੰਧਿਤ ਸਵਾਲਾਂ ਦੇ ਜੁਆਬ ਲੈਣ ਲਈ ਕਿਰਪਾ ਕਰਕੇ ਸੰਪਰਕ ਕਰੋ:

**Ministry of Education**
Legislation, Policy and Governance Branch
ਫੋਨ: 250 387-8037
ਈਮੇਲ: EDUC.Governance.Legislation@gov.bc.ca
www.gov.bc.ca/gov/content/education-training/administration/legislation-policy/school-trustee-election-procedures

*ਲੋਕਲ ਗਵਰਮੈਂਟ ਐਕਟ, ਲੋਕਲ ਇਲੈਕਸ਼ਨਜ਼ ਕੈਂਪੇਨ ਫਾਇਨੈਂਸਿੰਗ ਐਕਟ, ਕਮਿਉਨਟੀ ਚਾਰਟਰ, ਵੈਨਕੂਵਰ ਚਾਰਟਰ, ਸਕੂਲ ਐਕਟ, ਅਤੇ ਓਫੈਂਸ ਐਕਟ* ਬਾਰੇ ਪੂਰੀ ਜਾਣਕਾਰੀ www.bclaws.ca ’ਤੇ ਦੇਖੀ ਜਾ ਸਕਦੀ ਹੈ।



ਰੀਸਾਈਕਲਡ ਪੇਪਰ ਤੇ ਛਪਿਆ